JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਇਕਵਿੰਦਰ ਸਿੰਘ ਦਾ ਜੀਵਨ ਅਤੇ ਗ਼ਜ਼ਲ ਰਚਨਾ

*** ਜਸਮੀਤ ਕੌਰ**
ਰਿਸਰਚ ਸਕਾਲਰ
ਪੰਜਾਬੀ ਵਿਭਾਗ, ਦੇਸ਼ ਭਗਤ ਯੂਨੀਵਰਸਿਟੀ,
ਮੰਡੀ ਗੋਬਿੰਦਗੜ੍ਹ
*** ਡਾ. ਜੋਤੀ ਸ਼ਰਮਾ**
ਪ੍ਰੋਫੈਸਰ

ਇਕਵਿੰਦਰ ਸਿੰਘ ਦਾ ਜਨਮ 3 ਅਪ੍ਰੈਲ 1955 ਨੂੰ ਪੁਰਹੀਰਾਂ ਨਾਂ ਦੇ ਪਿੰਡ ਵਿੱਚ ਹੋਇਆ ਜੋ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੈ। ਹੁਣ ਇਹ ਪਿੰਡ ਐਕੁਆਇਰ ਹੋ ਕੇ ਹੁਸ਼ਿਆਰਪੁਰ ਸ਼ਹਿਰਤ ਦੇ ਨਗਰ ਨਿਗਮ ਦਾ ਹਿੱਸਾ ਬਣ ਗਿਆ ਹੈ। ਇਕਵਿੰਦਰ ਸਿੰਘ ਦੇ ਮਾਤਾ ਜੀ ਦਾ ਨਾਂ ਗੁਰਮੀਤ ਕੌਰ ਅਤੇ ਪਿਤਾ ਜੀ ਦਾ ਨਾਂ ਸ. ਚੰਨਣ ਸਿੰਘ ਹੈ। ਉਹ ਦੋ ਭੈਣ-ਭਰਾ ਹਨ। ਪੁਰਹੀਰਾਂ ਇਕਵਿੰਦਰ ਸਿੰਘ ਦਾ ਨਾਨਕਾ ਪਿੰਡ ਹੈ। ਜੱਦੀ ਪਿੰਡ ਕੰਧਾਲੀ ਨਾਰੰਗਪੁਰ ਜ਼ਿਲ੍ਹਾ ਹੁਸ਼ਿਆਰਪੁਰ ਹੈ। ਉਹਨਾਂ ਦੇ ਮਾਤਾ ਜੀ 1953 ਵਿੱਚ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਅਧਿਆਪਕਾ ਨਿਯੁਕਤ ਹੋਏ। ਪਿਤਾ ਜੀ ਫੌਜ ਵਿੱਚੋਂ ਡਿਸਐਬਿਲਟੀ ਪੈਨਸ਼ਨ ਲੈ ਕੇ ਬੰਬਈ (ਮੁੰਬਈ) ਵਿਖੇ ਨੌਕਰੀ ਕਰਨ ਲੱਗ ਪਏ। ਇਸ ਕਾਰਨ ਉਹਨਾਂ ਨੇ ਆਪਣੀ ਪੱਕੀ ਰਿਹਾਇਸ ਨਾਨਕੇ ਪਿੰਡ ਪੁਰਹੀਰਾਂ ਵਿਖੇ ਹੀ ਰੱਖ ਲਈ। ਇਕਵਿੰਦਰ ਸਿੰਘ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਸਰਕਾਰੀ ਪ੍ਰਾਇਮਰੀ ਸਕੂਲ ਪੁਰਹੀਰਾਂ ਤੋਂ ਪੂਰੀ ਕੀਤੀ ਅਤੇ ਛੇਵੀਂ ਤੋਂ ਅੱਠਵੀਂ ਤੱਕ ਦੀ ਪੜ੍ਹਾਈ ਲਾਇਲਪੁਰ ਸਨਾਤਨ ਹਾਈ ਸਕੂਲ ਤੋਂ ਕੀਤੀ। ਨੌਵੀਂ ਅਤੇ ਦਸਵੀਂ ਸਰਕਾਰੀ ਹਾਈ ਸਕੂਲ ਖੁਆਸਪੁਰ ਹੀਰਾਂ ਤੋਂ ਪਾਸ ਕੀਤੀ।1970 ਵਿੱਚ ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਦਾਖਲਾ ਲਿਆ ਅਤੇ ਉੱਥੋਂ ਬੀ.ਏ. ਅਤੇ ਐੱਮ.ਏ (ਪੰਜਾਬੀ) ਤੱਕ ਦੀ ਪੜ੍ਹਾਈ ਕੀਤੀ 1980 ਵਿੱਚ ਡੀ.ਏ. ਵੀ ਕਾਲਜ ਆਫ ਐਜੂਕੇਸ਼ਨ, ਹੁਸ਼ਿਆਰਪੁਰ ਤੋਂ ਬੀ. ਐੱਡ. ਕੀਤੀ।

ਸਾਹਿਤ ਰਚਨਾ ਦੀ ਚੇਟਕ ਇਕਵਿੰਦਰ ਸਿੰਘ ਨੂੰ ਵਿਰਾਸਤ ਵਿੱਚ ਮਿਲੀ। ਉਹਨਾਂ ਦੇ ਚਾਚਾ ਜੀ ਸ. ਗੁਰਬਚਨ ਸਿੰਘ ਪੰਜਾਬੀ ਦੇ ਕਵੀ ਸਨ। ਉਹਨਾਂ ਨੇ ਇੱਕ ਵਾਰ ਗੁਰਦੁਆਰਾ ਸਿੰਘ ਸਭਾ, ਦਾਦਰ (ਮੁੰਬਈ) ਵਿੱਚ ਧਾਰਮਿਕ ਕਵਿਤਾ ਪੜ੍ਹੀ ਸੀ, ਜਿਸਦੇ ਸਤਿਕਾਰ ਵਜੋਂ ਉਹਨਾਂ ਨੂੰ ਭਾਈ ਵੀਰ ਸਿੰਘ ਰਚਿਤ 'ਰਾਣਾ ਸੂਰਤ ਸਿੰਘ' ਮਹਾ-ਕਾਵਿ

ਇਨਾਮ ਵਿੱਚ ਮਿਲਿਆ ਸੀ। ਇਹ ਮਹਾ-ਕਾਵਿ ਇਕਵਿੰਦਰ ਸਿੰਘ ਦੇ ਘਰ ਵਿੱਚ ਅੱਜ ਵੀ ਮੌਜੂਦ ਹੈ। ਜਿਸਦੇ ਪਹਿਲੇ ਸਫ਼ੇ 'ਤੇ ਸ. ਗੁਰਬਚਨ ਸਿੰਘ ਵੱਲੋਂ ਆਪਣੇ ਆਪ ਨੂੰ ਇਨਾਮ ਮਿਲਣ ਦਾ ਵੇਰਵਾ ਦਸਤਖ਼ਤਾਂ ਸਹਿਤ ਦਿੱਤਾ ਹੋਇਆ ਹੈ। ਬਚਪਨ ਵਿੱਚ ਇਕਵਿੰਦਰ ਸਿੰਘ ਦੇ ਘਰ ਉਸ ਸਮੇਂ ਦਾ ਮਸ਼ਹੂਰ ਪੰਜਾਬੀ ਰਸਾਲਾ 'ਸੁਹਾਗਵਤੀ' ਆਇਆ ਕਰਦਾ ਸੀ। ਉਸ ਵਿੱਚ ਛਪਣ ਵਾਲੀਆਂ ਸਾਰੀਆਂ ਕਵਿਤਾਵਾਂ ਅਤੇ ਕਹਾਣੀਆਂ ਪਰਿਵਾਰ ਵਿੱਚ ਪੜ੍ਹੀਆਂ ਜਾਂਦੀਆਂ ਅਤੇ ਉਹਨਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਸੀ। ਆਪ ਦੇ ਮਾਤਾ ਜੀ ਨੂੰ ਸਾਹਿਤ ਨਾਲ ਲਗਾਵ ਸੀ। ਬਚਪਨ ਵਿੱਚ ਆਪ ਦੇ ਮਾਤਾ ਜੀ ਨੇ 'ਬਾਲ ਸੰਦੇਸ਼' ਰਸਾਲਾ ਮੰਗਵਾਉਣਾ ਸ਼ੁਰੂ ਕਰ ਦਿੱਤਾ ਸੀ ਜਿਸ ਨੂੰ ਆਪ ਬਹੁਤ ਲਗਾਵ ਨਾਲ ਪੜ੍ਹਦੇ ਸਨ। 1967 ਵਿੱਚ ਜਦੋਂ ਇਕਵਿੰਦਰ ਸਿੰਘ ਸੱਤਵੀਂ ਜਮਾਤ ਵਿੱਚ ਪੜ੍ਹਦੇ ਸਨ ਤਾਂ ਪਹਿਲੀ ਵਾਰ ਉਹਨਾਂ ਵੱਲੋਂ ਲਿਖਿਆ ਇੱਕ ਚੁਟਕਲਾ 'ਬਾਲ ਸੰਦੇਸ਼' ਵਿੱਚ ਛਪਿਆ। ਜਿਸਤੋਂ ਪ੍ਰਭਾਵਿਤ ਹੋ ਕੇ ਆਪ ਦੀਆਂ ਕਹਾਣੀਆਂ ਅਤੇ ਕਵਿਤਾਵਾਂ 'ਬਾਲ ਸੰਦੇਸ਼' ਵਿੱਚ ਕਈ ਵਾਰ ਛਪੀਆਂ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਕਵਿੰਦਰ ਸਿੰਘ ਬਚਪਨ ਤੋਂ ਹੀ ਸਾਹਿਤ ਨਾਲ ਜੁੜ ਗਿਆ।

### ਗ਼ਜ਼ਲ ਲਿਖਣ ਵੱਲ ਪ੍ਰੇਰਿਤ ਹੋਣਾ

ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਪੜ੍ਹਦਿਆਂ ਹੀ ਇਕਵਿੰਦਰ ਸਿੰਘ ਅੰਗਰੇਜ਼ੀ ਵਿਸ਼ੇ ਦੀਆਂ ਟਿਊਸ਼ਨ ਉਸਤਾਦ ਗ਼ਜ਼ਲਕਾਰ ਮਹਿੰਦਰ ਸਿੰਘ ਦੀਵਾਨਾ ਜੀ ਪਾਸ ਰੱਖ ਲਈ ਜੋ ਉਸ ਸਮੇਂ ਉਹਨਾਂ ਦੇ ਪਿੰਡ ਵਿੱਚ ਹੀ ਕਿਰਾਏਦਾਰ ਦੇ ਤੌਰ ਤੇ ਰਹਿ ਰਹੇ ਸਨ। ਮਹਿੰਦਰ ਸਿੰਘ ਦੀਵਾਨਾ ਜੀ ਕੋਲ਼ ਉਸ ਸਮੇਂ ਦੇ ਤਕਰੀਬਨ ਸਾਰੇ ਪੰਜਾਬੀ ਰਸਾਲੇ ਆਇਆ ਕਰਦੇ ਸਨ, ਜਿੰਨਾ ਨੂੰ ਪੜ੍ਹਨ ਲਈ ਆਪ ਘਰ ਲੈ ਜਾਇਆ ਕਰਦੇ ਸਨ। ਮਹਿੰਦਰ ਸਿੰਘ ਦੀਵਾਨਾ ਜੀ ਦੀਆਂ ਗ਼ਜ਼ਲਾਂ ਖ਼ੂਬ ਛਪਦੀਆਂ ਸਨ। ਇਕਵਿੰਦਰ ਸਿੰਘ ਅਕਸਰ ਹੀ ਉਹਨਾਂ ਦੀਆਂ ਗ਼ਜ਼ਲਾਂ ਪੜ੍ਹ ਕੇ ਅਨੰਦ ਲੈਂਦੇ ਸਨ ਉਹਨਾਂ ਤੋਂ ਪ੍ਰਭਾਵਿਤ ਹੋ ਕੇ ਹੀ ਇਕਵਿੰਦਰ ਸਿੰਘ ਦਾ ਗ਼ਜ਼ਲ ਰਚਨਾ ਵੱਲ ਝੁਕਾਅ ਹੋਇਆ। ਮਸ਼ਹੂਰ ਗ਼ਜ਼ਲਕਾਰ ਦੇਵਿੰਦਰ ਜੋਸ਼ ਜੀ ਮਹਿੰਦਰ ਸਿੰਘ ਦੀਵਾਨਾ ਜੀ ਦੇ ਸਾਂਢੂ ਸਨ ਅਤੇ ਉਹਨਾਂ ਦੋਹਾਂ ਦੀ ਜੋੜੀ ਸਾਹਿਤਕ ਹਲਕਿਆਂ ਵਿੱਚ ਬੜੀ ਮਸ਼ਹੂਰ ਸੀ। ਇਕਵਿੰਦਰ ਸਿੰਘ ਦੀ ਦੋਸਤੀ ਵੀ ਇਹਨਾਂ ਨਾਲ ਹੋ ਗਈ ਅਤੇ ਉਹਨਾਂ ਦੀ ਦੇਖਾ-ਦੇਖੀ ਆਪ ਨੇ ਵੀ ਪੰਜਾਬੀ ਗ਼ਜ਼ਲ ਰਚਨਾ ਸ਼ੁਰੂ ਕਰ ਦਿੱਤੀ।

ਛੋਟੀ ਉਮਰ ਤੋਂ ਹੀ ਉਹਨਾਂ ਨੇ ਗ਼ਜ਼ਲ ਰਚਨਾ ਵਿੱਚ ਕਦਮ ਰੱਖਿਆ ਅਤੇ ਕਦਮ ਦਰ ਕਦਮ ਅੱਗੇ ਵੱਧ ਕੇ ਅੱਜ ਉਸਤਾਦ ਗ਼ਜ਼ਲਗੋ ਵਜੋਂ ਆਪਣੀ ਪਹਿਚਾਣ ਬਣਾਉਣ ਵਿੱਚ ਸਫ਼ਲ ਹੋਏ ਸਨ। ਅਗਸਤ 1985 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਛਪੀ ਆਪਣੀ ਪੁਸਤਕ **'ਗ਼ਜ਼ਲ : ਜਨਮ ਤੇ ਵਿਕਾਸ'** ਦੇ ਪੰਨਾ ਨੰਬਰ 394 ਉੱਪਰ ਉੱਘੇ ਪੱਤਰਕਾਰ ਅਤੇ ਨਾਮਵਰ ਗ਼ਜ਼ਲਕਾਰ ਡਾ. ਸਾਧੂ ਸਿੰਘ ਹਮਦਰਦ ਲਿਖਦੇ ਹਨ ਕਿ "ਇਕਵਿੰਦਰ ਸਿੰਘ ਢੱਟ ਹੁਸ਼ਿਆਰਪੁਰ ਗ਼ਜ਼ਲਗੋ ਢਾਣੀ ਵਿੱਚੋਂ ਸਭ ਤੋਂ ਛੋਟੀ ਉਮਰ ਦਾ ਕਵੀ ਹੈ।"[1]

## ਇਕਵਿੰਦਰ ਸਿੰਘ ਦੀਆਂ ਰਚਨਾਵਾਂ

ਇਕਵਿੰਦਰ ਸਿੰਘ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਮਹੱਤਵਪੂਰਨ ਕਿਰਤਾਂ, ਪਾਈਆਂ ਹਨ। ਉਹਨਾਂ ਦੀਆਂ ਪ੍ਰਮੁੱਖ ਪੁਸਤਕਾਂ ਹੇਠ ਲਿਖੀਆਂ ਹਨ:

**ਕਾਵਿ ਸੰਗ੍ਰਹਿ :**

1) **ਪਾਣੀ ਮੈਲ਼ਾ ਮਿੱਟੀ ਗੋਰੀ** (1992): ਇਹ ਇਕਵਿੰਦਰ ਸਿੰਘ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਹੈ, ਜਿਸ ਵਿੱਚ ਉਹਨਾਂ ਨੇ ਸਮਾਜਿਕ ਵਿਸੰਗਤੀਆਂ, ਪਿਆਰ, ਵਿਛੋੜੇ ਅਤੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਬਣਾਇਆ। ਇਸ ਸੰਗ੍ਰਹਿ ਵਿੱਚ ਲਗਭਗ 50 ਗ਼ਜ਼ਲਾਂ ਸ਼ਾਮਲ ਹਨ। ਜਿੰਨ੍ਹਾਂ ਵਿੱਚ ਕਵੀ ਨੇ 1980 ਅਤੇ 1990 ਦੇ ਦਹਾਕੇ ਦੇ ਪੰਜਾਬ ਦੇ ਹਾਲਾਤ, ਸਮਾਜਿਕ ਵਿਵਸਥਾ ਅਤੇ ਮਨੁੱਖੀ ਰਿਸ਼ਤਿਆਂ ਦੀ ਪੇਚੀਦਗੀ ਨੂੰ ਬਾਖ਼ੂਬੀ ਚਿਤਰਿਆ ਹੈ। ਇਸ ਸੰਗ੍ਰਹਿ ਦੀ ਇੱਕ ਗ਼ਜ਼ਲ ਵਿੱਚ ਉਹ ਲਿਖਦੇ ਹਨ:

ਪਾਣੀ ਮੈਲ਼ਾ ਹੋ ਗਿਆ,

ਮਿੱਟੀ ਗੋਰੀ ਹੋ ਗਈ,

ਜ਼ਿੰਦਗੀ ਦੇ ਹਰ ਰੰਗ ਦੀ,

ਹੁਣ ਕਹਾਣੀ ਹੋਰ ਹੋ ਗਈ।[2]

ਇਹ ਗ਼ਜ਼ਲ ਇਕਵਿੰਦਰ ਸਿੰਘ ਦੀ ਪਹਿਲੀ ਪੁਸਤਕ ਦਾ ਸਿਰਲੇਖ ਵੀ ਹੈ।

**ਜ਼ਿੰਦਗੀ ਨੇ ਪੈਲ ਪਾਈ** (2019): ਇਹ ਇਕਵਿੰਦਰ ਸਿੰਘ ਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿੱਚ ਲਗਭਗ 70 ਗ਼ਜ਼ਲਾਂ ਸ਼ਾਮਲ ਹਨ ਜਿੰਨ੍ਹਾਂ ਵਿੱਚ ਕਵੀ ਨੇ ਆਧੁਨਿਕ ਜੀਵਨ ਦੀਆਂ ਜਟਿਲਤਾਵਾਂ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਦੀਆਂ ਕਮਜ਼ੋਰੀਆਂ ਨੂੰ ਬਰੀ ਬਾਰੀਕੀ ਨਾਲ ਉਭਾਰਿਆ ਹੈ। ਇਸ ਸੰਗ੍ਰਹਿ ਦੀ ਇੱਕ ਗ਼ਜ਼ਲ ਵਿੱਚ ਇਕਵਿੰਦਰ ਸਿੰਘ ਲਿਖਦੇ ਹਨ:

**ਜ਼ਿੰਦਗੀ ਨੇ ਪੈਲ** ਪਾਈ ਹੈ,

ਸਫ਼ਰ-ਏ-ਜ਼ਿੰਦਗੀ ਵਿੱਚ ਡੇਰਾ ਲਾਈ ਹੈ,

ਕਦੇ ਖੁਸ਼ੀਆਂ ਭਰੀ ਝੋਲੀ,

ਕਦੇ ਗ਼ਮ ਦਾ ਬੋਝ ਲਾਈ ਹੈ।[3]

ਇਹ ਸੰਗ੍ਰਹਿ ਆਧੁਨਿਕ ਸਮੇਂ ਵਿੱਚ ਮਨੁੱਖੀ ਜੀਵਨ ਦੀਆਂ ਜਟਿਲਤਾਵਾਂ ਅਤੇ ਚੁਣੌਤੀਆਂ ਨੂੰ ਦਰਸਾਉਂਦਾ ਹੈ।

**ਜ਼ੁਬਾਨ ਫੁੱਲਾਂ ਦੀ** (2019): ਇਹ ਇਕਵਿੰਦਰ ਸਿੰਘ ਦਾ ਤੀਜਾ, ਕਾਵਿ-ਸੰਗ੍ਰਹਿ ਹੈ ਜੋ ਕਿ **'ਜ਼ਿੰਦਗੀ ਨੇ ਪੈਲ ਪਾਈ'** ਦੇ ਨਾਲ ਹੀ ਪ੍ਰਕਾਸ਼ਿਤ ਹੋਇਆ। ਇਸ ਸੰਗ੍ਰਹਿ ਵਿੱਚ ਉਹਨਾਂ ਨੇ ਪ੍ਰਕਿਰਤੀ, ਮਾਨਵ ਜੀਵਨ ਅਤੇ ਦੁਨੀਆਂ ਦੇ ਸੁਹੱਪਣ ਨੂੰ ਕਾਵਿਮਈ ਸ਼ੈਲੀ ਵਿੱਚ ਪੇਸ਼ ਕੀਤਾ। ਉਹ ਇੱਕ, ਗ਼ਜ਼ਲ ਵਿੱਚ ਲਿਖਦੇ ਹਨ:

**ਫੁੱਲਾਂ ਦੀ ਜ਼ੁਬਾਨ** ਜਦੋਂ ਬੋਲਦੀ ਹੈ,

ਧਰਤੀ ਦਾ ਹਰ ਕੋਨਾ ਮਹਿਕਾਂ ਨਾਲ ਭਰ ਜਾਂਦਾ ਹੈ,

ਜੀਵਨ ਵਿੱਚ ਖੁਸ਼ੀਆਂ ਦਾ ਚਾਨਣ ਬਿਖਰ ਜਾਂਦਾ ਹੈ।[4]

**ਜਲ ਤੇ ਮੀਨਾਕਾਰੀ (ਪ੍ਰੈਸ ਵਿੱਚ):** ਇਹ ਇਕਵਿੰਦਰ ਸਿੰਘ ਦਾ ਚੌਥਾ ਕਾਵਿ-ਸੰਗ੍ਰਹਿ ਹੈ ਜੋ ਛਪਾਈ ਅਧੀਨ ਹੈ। ਇਸ ਵਿੱਚ ਉਹਨਾਂ ਨੇ ਪਾਣੀ ਦੇ ਵੱਖ-ਵੱਖ ਰੂਪਾਂ ਅਤੇ ਮਨੁੱਖੀ ਜੀਵਨ ਵਿੱਚ ਇਸ ਦੀ ਮਹੱਤਤਾ ਨੂੰ ਦਰਸਾਇਆ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਵਿੱਚ ਉਹਨਾਂ ਨੇ ਜਲ-ਸੰਰਖਿਆ, ਪ੍ਰਦੂਸ਼ਣ ਅਤੇ ਜਲ ਦੀ ਮਹੱਤਤਾ ਨੂੰ ਵਿਸ਼ੇਸ਼ ਰੂਪ ਵਿੱਚ ਪੇਸ਼ ਕੀਤਾ ਹੈ। ਉਹ ਲਿਖਦੇ ਹਨ:

ਜਲ ਜੀਵਨ ਦਾ ਮੂਲ ਹੈ,

ਜਲ ਤੋਂ ਬਿਨ੍ਹਾਂ ਸਭ ਸੁੰਨ ਹੈ,

ਜਲ ਦੀ ਸਾਂਭ-ਸੰਭਾਲ ਕਰੋ,

ਇਹੀ ਜੀਵਨ ਦਾ ਮੰਤਰ ਹੈ।[5]

**ਸੰਪਾਦਨ:** ਇਕਵਿੰਦਰ ਸਿੰਘ ਨੇ ਗ਼ਜ਼ਲ ਰਚਨਾ ਤੋਂ ਇਲਾਵਾ ਇੱਕ ਪੁਸਤਕ ਦਾ ਸੰਪਾਦਨ ਵੀ ਕੀਤਾ ਹੈ ਜਿਸ ਦਾ ਨਾਮ **'ਅੰਬ ਦੁਸਹਿਰੀ ਚੂਪਣ ਆਇਉ'** ਹੈ। ਇਹ ਪੁਸਤਕ 2008 ਵਿੱਚ ਸੰਪਾਦਿਤ ਹੋਈ। ਇਸ ਪੁਸਤਕ ਵਿੱਚ ਉਹਨਾਂ ਨੇ ਕੁਲ 144 ਸ਼ਾਇਰਾਂ ਦੇ ਕਲਾਮਾਂ ਨੂੰ ਸ਼ਾਮਿਲ ਕੀਤਾ ਹੈ।

ਉਪਰੋਕਤ ਰਚਨਾਵਾਂ ਤੋਂ ਇਲਾਵਾ ਇਕਵਿੰਦਰ ਸਿੰਘ ਨੇ ਕਈ ਪ੍ਰਮੁੱਖ ਪੰਜਾਬੀ ਪੱਤਰਕਾਵਾਂ ਵਿੱਚ ਆਪਣੇ ਲੇਖ ਅਤੇ ਗ਼ਜ਼ਲਾਂ ਦਾ ਪ੍ਰਕਾਸ਼ਨ ਕੀਤਾ ਹੈ। 'ਪੰਜਾਬੀ ਦੁਨੀਆਂ', 'ਪੰਜਾਬੀ ਟ੍ਰਿਬਿਊਨ', 'ਅਕਾਲੀ ਪੱਤਰਿਕਾ', 'ਨਵਾਂ ਜ਼ਮਾਨਾ', 'ਖੋਜ ਪੱਤਰਿਕਾ' ਆਦਿ 'ਅਖ਼ਬਾਰਾਂ ਅਤੇ ਰਸਾਲਿਆਂ' ਵਿੱਚ ਉਹਨਾਂ ਦੀਆਂ ਰਚਨਾਵਾਂ ਲਗਾਤਾਰ ਛਪਦੀਆਂ ਰਹੀਆਂ ਹਨ। ਉਸ ਦੀਆਂ ਰਚਨਾਵਾਂ ਵਿੱਚ ਸਮਕਾਲੀ ਸਮਾਜਿਕ, ਰਾਜਨੀਤਿਕ ਅਤੇ ਸਾਹਿੱਤਕ ਪਹਿਲੂਆਂ ਦੀ ਝਲਕ ਨਜ਼ਰ ਆਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਸਾਧੂ ਸਿੰਘ ਹਮਦਰਦ, **'ਗ਼ਜ਼ਲ ਜਨਮ ਤੇ ਵਿਕਾਸ'**, ਗੁਰੂ ਨਾਨਕ ਦੇਵ ਯੂਨੀਵਰਸਿਟੀ ਪ੍ਰੈੱਸ, ਅੰਮ੍ਰਿਤਸਰ, 1985, ਪੰਨਾ - 394

2. ਇਕਵਿੰਦਰ ਸਿੰਘ, **'ਪਾਣੀ ਮੈਲ਼ਾ ਮਿੱਟੀ ਗੋਰੀ'**, ਲੋਕ ਸਾਹਿਤ ਪ੍ਰਕਾਸ਼ਨ ਪੁਰ ਹੀਰਾ, ਹੁਸ਼ਿਆਰਪੁਰ, 1992, ਪੰਨਾ - 24

3. ਇਕਵਿੰਦਰ ਸਿੰਘ, **'ਜ਼ਿੰਦਗੀ ਨੇ ਪੈਲ ਪਾਈ'**, ਪੰਜ ਆਬ ਪ੍ਰਕਾਸ਼ਨ, ਜਲੰਧਰ, 2019, ਪੰਨਾ - 18

4. ਇਕਵਿੰਦਰ ਸਿੰਘ, **'ਜ਼ੁਬਾਨ ਫੁੱਲਾਂ ਦੀ'**, ਪੰਜ ਆਬ ਪ੍ਰਕਾਸ਼ਨ, ਜਲੰਧਰ, 2019, ਪੰਨਾ - 35

5. ਇਕਵਿੰਦਰ ਸਿੰਘ, **'ਪੰਜਾਬੀ ਗ਼ਜ਼ਲ : ਸਿਧਾਂਤ ਤੇ ਸਰੂਪ'**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ - 15

## ਸਹਾਇਕ ਪੁਸਤਕ ਸੂਚੀ

1. ਸਾਧੂ ਸਿੰਘ ਹਮਦਰਦ, **'ਗ਼ਜ਼ਲ ਜਨਮ ਤੇ ਵਿਕਾਸ'**, ਗੁਰੂ ਨਾਨਕ ਦੇਵ ਯੂਨੀਵਰਸਿਟੀ ਪ੍ਰੈੱਸ, ਅੰਮ੍ਰਿਤਸਰ, 1985

2. ਹਰਮੀਤ ਸਿੰਘ ਅਟਵਾਲ, **'ਅਦੀਬ ਸਮੁੰਦਰੋਂ ਪਾਰ ਦੇ'**, ਐਵਿਸ਼ ਪਬਲੀਕੇਸ਼ਨ, ਦਿੱਲੀ

3. **ਅੰਬ ਦੁਸਹਿਰੀ ਚੂਪਣ ਆਇਓ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2008